ਪੰਜਾਬ ਸਰਕਾਰ
ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਅਸਟਾਮ ਅਤੇ ਰਜਿਸਟਰੀ ਸਾਖਾ)

ਸੇਵਾ ਵਿਖੇ,

1) ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸਨਰ,
2) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸਨਰ।

ਮੀਮੋ ਨੰ:22/6/2020-ਐਸ.ਟੀ.6/ 6819-20
ਚੰਡੀਗੜ੍ਹ ਮਿਤੀ: 2/6/2020

ਵਿਸਾ:- ਵਿਦੇਸ਼ਾ ਤੋ ਆਉਦੇ ਦਸਤਾਵੇਜਾਂ ਨੂੰ ਇੰਬੋਸ ਕਰਨ ਲਈ ਨਿਯੁਕਤ ਕੀਤੇ ਸਮੇਂ 90 ਦਿਨਾਂ ਵਿੱਚ ਢਿੱਲ ਸਬੰਧੀ।

******

ਉਪਰੋਕਤ ਵਿਸੇ ਤੇ ਸਰਕਾਰ ਦੇ ਪੱਤਰ ਨੰ: 22/1/88-ਐਸ.ਟੀ.6/3646 ਮਿਤੀ 14-09-2001 ਅਤੇ ਪੱਤਰ ਨੰ: 22/02/05-ਐਸ.ਟੀ.6/11018-44 ਮਿਤੀ 4-6-2012 ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਵਿਚ COVID-19 ਕਾਰਨ ਲਾਕ ਡਾਊਨ ਹੋਣ ਕਰਕੇ ਵਿਦੇਸਾਂ ਤੋਂ ਆਉਂਦੀਆਂ ਪਾਵਰ ਆਫ ਅਟਾਰਨੀਆਂ (ਮੁਖਤਿਆਰਨਾਮੇ) ਦੇ ਇੰਬੋਸਿੰਗ ਦਾ ਸਮਾਂ ਬੀਤ ਜਾਣ ਕਾਰਣ ਇੰਬੋਸ ਨਹੀ ਕੀਤੀਆਂ ਜਾ ਸਕੀਆਂ। ਉਨਾਂ ਪਾਵਰ ਆਫ ਅਟਾਰਨੀਆਂ ਨੂੰ ਉਕਤ ਹਦਾਇਤਾਂ ਦੇ ਪੈਰ੍ਹਾ 9 ਵਿੱਚ ਢਿੱਲ ਦਿੰਦੇ ਹੋਏ 3 ਮਹੀਨੇ ਜਾਂ 90 ਦਿਨ ਪੁੱਗ ਜਾਣ ਕਾਰਨ ਹੁਣ ਜਿਹੜੀਆਂ ਪਾਵਰ ਅਟਾਰਨੀਆਂ/ ਵਿਦੇਸ਼ਾਂ ਤੋਂ ਆਉਂਦੇ ਦਸਤਾਵੇਜਾਂ ਦੀ ਮਿਆਦ ਲਾਕ ਡਾਊਨ ਦੌਰਾਨ ਪੁੱਗ ਗਈ ਹੈ, ਦੀ ਮਿਆਦ ਵਿੱਚ ਹੋਰ 90 ਦਿਨ ਦਾ ਵਾਧਾ ਕੀਤਾ ਜਾਂਦਾ ਹੈ। ਇਹ ਵਾਧਾ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 90 ਦਿਨ ਤੱਕ ਕਰ ਦਿੱਤਾ ਜਾਵੇ। ਇਥੇ ਇਹ ਵੀ ਸਪਸ਼ਟ ਕਰਨਾ ਯੋਗ ਹੋਵੇਗਾ ਕਿ ਇਹ ਢਿੱਲ ਇਕ ਸਮੇਂ ਵਾਸਤੇ ਮਖਸੂਸ ਤੌਰ ਤੇ ਦਿੱਤੀ ਜਾ ਰਹੀ ਹੈ ਅਤੇ ਜਦੋਂ ਹੀ ਇਹ 90 ਦਿਨ ਦੀ ਢਿੱਲ ਦਾ ਸਮਾਂ ਪੂਰਾ ਹੋ ਜਾਂਦਾ ਹੈ, ਉਸ ਦਿਨ ਤੋਂ ਹੀ ਇਨ੍ਹਾਂ ਹਦਾਇਤਾਂ ਵਿੱਚ ਦਿੱਤੀ ਗਈ 90 ਦਿਨ ਦੀ ਢਿੱਲ ਆਪਣੇ ਆਪ ਖ਼ਤਮ ਸਮਝੀ ਜਾਵੇਗੀ।

2/6/2020
ਸੁਪਰਡੰਟ ਗਰੇਡ-1

ਪਿੱਠ ਅੰਕਣ ਨੰ- 22/6/2020-ਐਸ.ਟੀ.6/ ਚੰਡੀਗੜ੍ਹ, ਮਿਤੀ-

ਉਪਰੋਕਤ ਦਾ ਇੱਕ ਉੱਤਾਰਾ, ਇੰਸਪੈਕਟਰ ਜਨਰਲ ਆਫ ਰਜਿਸ਼ਟਰੇਸ਼ਨ, ਜਲੰਧਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ ਗਰੇਡ-1